# ਦਫਤਰ ਜ਼ਿਲ੍ਹਾ ਮੈਜਿਸਟਰੇਟ, ਅੰਮ੍ਰਿਤਸਰ।
## (ਕੋਵਿਡ-19 ਕੰਟਰੋਲ ਰੂਮ)

ਸੇਵਾ ਵਿਖੇ,

ਵਿਸ਼ੇਸ਼ ਮੁੱਖ ਸਕੱਤਰ-ਕਮ-
ਵਿੱਤ ਕਮਿਸ਼ਨਰ ਮਾਲ, ਪੰਜਾਬ ਸਰਕਾਰ,
ਚੰਡੀਗੜ੍ਹ।

ਨੰਬਰ ਕੋਵਿਡ-19/ 1326 ਮਿਤੀ: 11-05-2020

**ਵਿਸ਼ਾ:** **ਪ੍ਰਵਾਸੀ ਨਾਗਰਿਕਾਂ ਨੂੰ ਮੂਲ ਰਾਜ ਵਿਚ ਭੇਜਣ ਲਈ ਆਏ ਖਰਚ ਨੂੰ State Disaster Response Fund ਵਿਚੋਂ ਕਰਨ ਸਬੰਧੀ ਦਿਸ਼ਾ-ਨਿਰਦੇਸ਼।**

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜ਼ਿਲ੍ਹਾ ਅੰਮ੍ਰਿਤਸਰ ਵਿਚ ਫਸੇ ਪ੍ਰਵਾਸੀ ਨਾਗਰਿਕਾਂ ਨੂੰ ਉਹਨਾਂ ਦੇ ਮੂਲ ਰਾਜ ਵਿਚ ਵਾਪਿਸ ਭੇਜਣ ਵੇਲੇ ਉਹਨਾਂ ਦਾ ਸਫਰੀ ਖਰਚਾ ਸਟੇਟ ਡਿਜਾਸ਼ਟਰ ਰਿਸਪੋਂਸ ਫੰਡਾਂ (SDRF) ਵਿਚੋਂ ਕਰਨ ਦੀ ਪ੍ਰਵਾਨਗੀ ਇਸ ਦਫਤਰ ਨੂੰ ਮਿਲ ਚੁੱਕੀ ਹੈ। ਇਹਨਾਂ ਪ੍ਰਵਾਸੀ ਨਾਗਰਿਕਾਂ ਨੂੰ ਇਸ ਸਫਰ ਤੇ ਭੇਜਣ ਹਿੱਤ ਹੋਰ ਵੀ ਕਾਫੀ ਖਰਚਾ ਪ੍ਰਸ਼ਾਸ਼ਨ ਵੱਲੋਂ ਕਰਨਾ ਪੈ ਰਿਹਾ ਹੈ ਜਿਵੇਂ ਕਿ ਨਿਯਮਾਂ ਮੁਤਾਬਕ ਉਹਨਾਂ ਨੂੰ ਟ੍ਰੇਨਾਂ ਦੀ ਰਵਾਨਗੀ ਦੀ ਜਾਣਕਾਰੀ ਬਲਕ ਮੈਸਜ ਅਤੇ ਫੋਨ ਕਾਲ ਰਾਹੀਂ ਦੇਣ ਦਾ ਖਰਚਾ, ਸਕਰੀਨਿੰਗ ਕੇਂਦਰ ਜਾਂ ਰੇਲਵੇ ਸਟੇਸ਼ਨ ਉਪਰ ਵਿਵਸਥਾਂਵਾਂ (ਜਿਵੇਂ ਸਟੇਸ਼ਨਰੀ/ਟੈਂਟ/ਮਾਸਕ/ਸੈਨਟਾਈਜ਼ਰ ਆਦਿ) ਦਾ ਖਰਚਾ ਆਦਿ।

ਇਸ ਪੱਤਰ ਰਾਹੀਂ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਦਫਤਰ ਨੂੰ ਪ੍ਰਵਾਸੀ ਨਾਗਰਿਕਾਂ ਨੂੰ ਉਹਨਾਂ ਦੇ ਮੂਲ ਰਾਜਾਂ ਵਿਚ ਵਾਪਿਸ ਭੇਜਣ ਸਮੇਂ ਆਉਂਦੇ ਉਕਤ ਖਰਚਿਆਂ ਦੀ ਅਦਾਇਗੀ ਸਟੇਟ ਡਿਜਾਸ਼ਟਰ ਰਿਸਪੋਂਸ ਫੰਡਾਂ (SDRF) ਵਿਚੋਂ ਕੀਤੀ ਜਾਣ ਦੀ ਪ੍ਰਵਾਨਗੀ ਦੇਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਵਧੀਕ ਜ਼ਿਲ੍ਹਾ ਮੈਜਿਸਟਰੇਟ,
ਅੰਮ੍ਰਿਤਸਰ।

ਅੰਮ੍ਰਿਤਸਰ।

Scanned with CamScanner